# ਘੱਟ ਜਾਤੀ ਗਿਣਤੀ ਦੇ ਲੋਕਾਂ ਲਈ ਸਹਾਇਤਾ ਸੇਵਾਵਾਂ

WFAO ਨੇ ਲੋੜਵੰਦ ਘੱਟ ਜਾਤੀ ਗਿਣਤੀ (EM) ਵਾਲੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ ਤਾਂ ਕਿ ਉਹ ਕੰਮਕਾਜੀ ਪਰਿਵਾਰ ਭੱਤੇ (WFA) ਲਈ ਅਰਜ਼ੀ ਦੇਣ ਦੇ ਮੌਕੇ ਤੋਂ ਵਾਂਝੇ ਨਾ ਰਹਿ ਜਾਣ|

EM ਪਰਿਵਾਰਾਂ ਨੂੰ WFA ਸਕੀਮ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਪੇਸ਼ ਕਰਨ ਲਈ 7 EM ਭਾਸ਼ਾਵਾਂ (ਜਿਵੇਂ ਭਾਸ਼ਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ ਅਤੇ ਉਰਦੂ) ਵਿੱਚ ਪਰਚੇ ਅਤੇ ਪੋਸਟਰ ਉਪਲੱਬਧ ਹਨ|

ਅਰਜ਼ੀ ਫਾਰਮ ਨੂੰ ਭਰਨ ਲਈ EM ਪਰਿਵਾਰ 7 EM ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਗਏ ਅਰਜੀ ਫਾਰਮ ਨੂੰ ਭਰਨ ਲਈ ਨਮੂਨੇ ਦੀ ਸਹਾਇਤਾ ਲੈ ਸਕਦੇ ਹਨ|

ਅਰਜ਼ੀ ਦੇ ਦੌਰਾਨ, EM ਬਿਨੈਕਾਰ ਨੂੰ ਇੱਕ ਜਾਣਕਾਰੀ ਪੱਤਰ ਮੁਹੱਈਆ ਕੀਤਾ ਜਾਵੇਗਾ ਕਿ ਉਹ ਭਾਸ਼ਾ ਸਮੱਰਥਨ ਦੇ ਲਈ ਕਿਵੇਂ ਅਤੇ ਕਿੱਥੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ ਜਦੋਂ ਅਸੀਂ ਉਨ੍ਹਾਂ ਤੋਂ ਪੂਰਕ ਜਾਣਕਾਰੀ ਲੈਣ ਲਈ ਲਿਖਦੇ ਹਾਂ|

EM ਪਰਿਵਾਰਾਂ ਲਈ ਜੋ ਸਾਡੀ ਹਾਟਲਾਈਨ ਸੇਵਾ ਨੂੰ ਸੰਪਰਕ ਕਰਦੇ ਹਨ ਜਾਂ ਸਾਡੇ ਦਫ਼ਤਰ ਆਉਂਦੇ ਹਨ, ਘੱਟ ਜਾਤੀ ਗਿਣਤੀ ਨਿਵਾਸੀਆਂ ਲਈ ਸਦਭਾਵਨਾ ਅਤੇ ਸੁਧਾਰ ਕੇਂਦਰ (CHEER) ਦੀ ਸਹਾਇਤਾ ਨਾਲ ਇਨ੍ਹਾਂ EM ਭਾਸ਼ਾਵਾਂ ਵਿੱਚ ਮੁਫਤ ਟੈਲੀਫ਼ੋਨ ਵਿਆਖਿਆ ਸੇਵਾ ਦੀ ਵਿਵਸਥਾ ਕੀਤੀ ਜਾ ਸਕਦੀ ਹੈ| 2558 3000 ਤੇ ਜਾਂ CHEER ਨਾਲ ਸੰਪਰਕ ਕਰੋ|

EM ਪਰਿਵਾਰਾਂ ਨੂੰ ਸੁਲਭ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਪ੍ਰਦਾਨ ਕਰਨ ਲਈ CHEER ਨੂੰ ਗ੍ਰਹਿ ਮਾਮਲੇ ਵਿਭਾਗ (HAD) ਦੁਆਰਾ ਸਪੌਂਸਰ ਕੀਤਾ ਗਿਆ ਹੈ| HAD ਦੁਆਰਾ ਫੰਡ ਕੀਤੇ ਜਾ ਰਹੇ ਘੱਟ ਜਾਤੀ ਗਿਣਤੀ ਲੋਕਾਂ ਲਈ ਸਹਾਇਤਾ ਸੇਵਾ ਕੇਂਦਰਾਂ ਤੋਂ ਸੇਵਾਵਾਂ ਪ੍ਰਾਪਤ ਕਰੋ|